بِسْمِ اللّٰہِ الرَّحْمٰنِ الرَّحِیْمِ نَحْمَدُہٗ وَنُصَلِّی عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْدِ

لَا اِلٰہَ اِلَّا اللّٰہُ مُحَمَّدٌ رَّسُوْلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਕੁਰਆਨ ਸ਼ਰੀਫ਼, ਹਦੀਸ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕੁੱਝ ਦੁਆਵਾਂ

**ਸੰਖੇਪ ਵਿਵਰਨ ਖ਼ੁਤਬਾ ਜੁਮਾਅ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 05 ਅਪ੍ਰੈਲ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. اِيَّاكَ نَعْبُدُ وَاِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ اَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ ●

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਪਿੱਛਲੇ ਜੁਮਏ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਲਿੱਖਤਾਂ ਦੀ ਰੌਸ਼ਨੀ ਵਿੱਚ ਦੁਆਵਾਂ ਸੰਬੰਧੀ ਮੈਂ ਬਿਆਨ ਕੀਤਾ ਸੀ। ਅੱਜ ਵੀ ਇਹੋ ਜਾਰੀ ਹੈ। ਰੱਬ ਫ਼ਰਮਾਉਂਦਾ ਹੈ ਕਿ ਮੈਂ ਮੁਜ਼ਤਿਰ ਦੀਆਂ ਦੁਆਵਾਂ ਸੁਣਦਾ ਹਾਂ ਤਾਂ ਮੁਜ਼ਤਿਰ ਦਾ ਅਰਥ ਕੇਵਲ ਬੇਚੈਨ ਹੀ ਨਹੀਂ ਹੈ। ਸਗੋਂ ਅਜਿਹਾ ਵਿਅਕਤੀ ਹੈ, ਜਿਸ ਦੇ ਸਾਰੇ ਰਾਸਤੇ ਕੱਟ ਗਏ ਹੋਣ। ਸੋ, ਜੱਦ ਅਸੀਂ ਦੁਆ ਲਈ ਰੱਬ ਅੱਗੇ ਸਿਰ ਨਿਵਾਈਏ ਤਾਂ ਅਜਿਹੀ ਹਾਲਤ ਬਣਾ ਕੇ ਸਿਰ ਨਿਵਾਈਏ ਅਤੇ ਰੱਬ ਦੇ ਹਜ਼ੂਰ ਇਹ ਦੁਆ ਕਰੀਏ ਕਿ ਤੇਰੇ ਬਿਨਾਂ ਸਾਡਾ ਕੋਈ ਨਹੀਂ ਅਤੇ ਅਸੀਂ ਤੇਰੇ ਉੱਤੇ ਹੀ ਭਰੋਸਾ ਕਰਦੇ ਹਾਂ।

ਹਰ ਅਹਮਦੀ ਨੂੰ ਇਹ ਗੱਲ੍ਹ ਆਪਣੇ ਦਿਮਾਗ਼ ਵਿੱਚ ਚੰਗੀ ਤਰ੍ਹਾਂ ਬਿਠਾ ਲੈਣੀ ਚਾਹੀਦੀ ਹੈ ਕਿ ਜੇਕਰ ਆਪਣੀ ਦੁਆਵਾਂ ਦੀ ਕਬੂਲੀਅਤ ਚਾਹੁੰਦੇ ਹਨ ਤਾਂ ਮੁਜ਼ਤਿਰ ਦੀ ਹਾਲਤ ਪੈਦਾ ਕਰਨ। ਇਸ ਸਮੇਂ ਮੈਂ ਕੁੱਝ ਕੁਰਆਨੀ, ਸੁਨੰਤ ਦੀਆਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਦੀਆਂ ਦੁਆਵਾਂ ਨੂੰ ਪੈਸ਼ ਕਰਾਂਗਾ। ਉਹਨਾਂ ਵੱਲ੍ਹ ਸਦਾ ਧਿਆਨ ਦੇਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤਾਂ ਸੂਰਤੁੱਲ ਫ਼ਾਤਿਹਾ ਹੈ। ਨਮਾਜ਼ ਤੋਂ ਬਿਨਾਂ ਵੀ ਇਸ ਨੂੰ ਪੜ੍ਹਦੇ ਰਹਿਣਾ ਚਾਹੀਦਾ ਹੈ। ਉਸ ਨੂੰ ਬਹੁਤ ਧਿਆਨ ਨਾਲ ਸਮਝ ਕੇ ਪੜ੍ਹਣ ਅਤੇ ਨਿਤਨੇਮ ਨਾਲ ਮਨੁੱਖ ਰੱਬ ਦੇ ਕਰੀਬ ਹੁੰਦਾ ਹੈ।

ਫ਼ਿਰ ਕੁਰਆਨ ਸ਼ਰੀਫ਼ ਦੀ ਇੱਕ ਦੁਆ ਹੈ :

رَبَّنَآ اٰتِنَا فِي الدُّنْيَا حَسَنَةً وَّفِي الْاٰخِرَةِ حَسَنَةً وَّقِنَا عَذَابَ النَّارِ ●

(ਸੂਰਤੁੱਲ ਬਕਰਹ 02:202)

ਫ਼ਿਰ ਇਸ ਦੁਆ ਨੂੰ ਵੀ ਅੱਜ ਕੱਲ੍ਹ ਬਹੁਤ ਸ਼ਿੱਦਤ ਅਤੇ ਇਜ਼ਤਰਾਰ ਨਾਲ ਕਰਨਾ ਚਾਹੀਦਾ ਹੈ :

رَبَّنَآ اَفْرِغْ عَلَيْنَا صَبْرًا وَّثَبِّتْ اَقْدَامَنَا وَانْصُرْنَا عَلَى الْقَوْمِ الْكٰفِرِيْنَ ●

(ਸੂਰਤੁੱਲ ਬਕਰਹ 02:251)

رَبَّنَا لَا تُؤَاخِذْنَآ اِنْ نَّسِيْنَآ اَوْ اَخْطَاْنَا ۚ رَبَّنَا وَلَا تَحْمِلْ عَلَيْنَآ اِصْرًا كَمَا حَمَلْتَهٗ عَلَى الَّذِيْنَ مِنْ قَبْلِنَا ۚ رَبَّنَا وَلَا تُحَمِّلْنَا مَا لَا طَاقَةَ لَنَا بِهٖ ۚ وَاعْفُ عَنَّا ۟ وَاغْفِرْ لَنَا ۟ وَارْحَمْنَا ۟ اَنْتَ مَوْلٰىنَا فَانْصُرْنَا عَلَى الْقَوْمِ الْكٰفِرِيْنَ ●

(ਸੂਰਤੁੱਲ ਬਕਰਹ 02:287)

ਫ਼ਿਰ ਈਮਾਨ ਦੀ ਮਜ਼ਬੂਤੀ ਲਈ ਇਹ ਦੁਆ ਵੀ ਬਹੁਤ ਕਰਨੀ ਚਾਹੀਦੀ ਹੈ :

رَبَّنَا لَا تُزِغْ قُلُوْبَنَا بَعْدَ اِذْ هَدَيْتَنَا وَهَبْ لَنَا مِنْ لَّدُنْكَ رَحْمَةً اِنَّكَ اَنْتَ الْوَهَّابُ

(ਸੂਰਤੁੱਲ ਆਲਿ ਇਮਰਾਨ 03:09)

ਹਜ਼ੂਰੇ ਅਨਵਰ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀਆਂ ਕੁੱਝ ਦੁਆਵਾਂ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਇੱਕ ਵਾਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੂੰ ਨਮਾਜ਼ ਵਿੱਚ ਮੰਗਣ ਵਾਲੀ ਇਹ ਦੁਆ ਸਿਖਾਈ :

اللّٰهُمَّ إِنِّي ظَلَمْتُ نَفْسِي ظُلْمًا كَثِيرًا وَلَمْ يَغْفِرُ الذُّنُوبَ إِلَّا أَنْتَ، فَاغْفِرْ لِي مَغْفِرَةً مِّنْ عِنْدِكَ، وَارْحَمْنِي إِنَّكَ أَنْتَ الْغَفُورُ الرَّحِيمُ۔

(ਬੁਖ਼ਾਰੀ ਕਿਤਾਬੁੱਲ ਆਜ਼ਾਨ ਬਾਬੁੱਦੁਆਏ ਕਬਲੱਸਲਾਮ)

ਹੇ ਰੱਬ ! ਮੈਂ ਆਪਣੀ ਜਾਨ ਉੱਤੇ ਬਹੁਤ ਜ਼ੁਲਮ ਕੀਤਾ ਅਤੇ ਤੇਰੇ ਬਿਨਾਂ ਕੋਈ ਗੁਨਾਹ ਮੁਆਫ਼ ਨਹੀਂ ਕਰ ਸਕਦਾ। ਸੋ, ਤੂੰ ਆਪਣੇ ਵੱਲੋਂ ਮੇਰੀ ਬਖ਼ਸ਼ਿਸ਼ ਕਰ ਅਤੇ ਮੇਰੇ ਉੱਤੇ ਰਹਿਮ ਕਰ। ਤੂੰ ਬਹੁਤ ਬਖ਼ਸ਼ਣ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ।

ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੂੰ ਜੱਦ ਕਿਸੇ ਮਾਮਲੇ ਵਿੱਚ ਪਰੇਸ਼ਾਨੀ ਹੁੰਦੀ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਫ਼ਰਮਾਉਂਦੇ :

يَا حَيُّ يَا قَيُّومُ بِرَحْمَتِكَ أَسْتَغِيثُ (ਮਿਸ਼ਕਾਤ ਅੱਲ-ਮਸਾਬਿਹ ਕਿਤਾਬੁੱਦਾਅਵਾਤ)

ਅਨੁਵਾਦ : ਹੇ ਜ਼ਿੰਦਾ ਅਤੇ ਹੋਰਾਂ ਨੂੰ ਜ਼ਿੰਦਾ ਰੱਖਣ ਵਾਲੇ ! ਹੇ ਕਾਯਮ ਅਤੇ ਹੋਰਾਂ ਨੂੰ ਕਾਯਮ ਰੱਖਣ ਵਾਲੇ ! ਆਪਣੀ ਰਹਿਮਤ ਨਾਲ ਮੇਰੀ ਮਦਦ ਕਰ।

ਸੋ, ਇਹ ਦੁਆਵਾਂ ਹੀ ਹਨ, ਜਿੰਨ੍ਹਾਂ ਨਾਲ ਸਾਡੇ ਨਿੱਜੀ ਜੀਵਨ ਵਿੱਚ ਵੀ ਤਬਦੀਲੀਆਂ ਪੈਦਾ ਹੋਣਗੀਆਂ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਇਹ ਦੁਆਵਾਂ ਹਨ। ਉਹਨਾਂ ਦਾ ਅਨੁਵਾਦ ਘੱਟੋ ਘੱਟ ਯਾਦ ਕਰਕੇ ਜਾਂ ਉਸ ਦੇ ਅਰਥ ਸਮਝ ਕੇ ਇਸ ਤਰ੍ਹਾਂ ਸਾਨੂੰ ਵੀ ਦੁਆ ਕਰਨੀ ਚਾਹੀਦੀ ਹੈ। ਫ਼ਿਰ ਬੁਖ਼ਾਰੀ ਵਿੱਚ ਇੱਕ ਦੁਆ ਇੰਝ ਮਿਲਦੀ ਹੈ :

اَللّٰهُمَّ اجْعَلْ فِي قَلْبِي نُورًا، وَفِي بَصَرِي نُورًا، وَفِي سَمْعِي نُورًا، وَعَنْ يَمِينِي نُورًا، وَعَنْ يَسَارِي نُورًا،
وَفَوْقِي نُورًا، وَتَحْتِي نُورًا، وَأَمَامِي نُورًا، وَخَلْفِي نُورًا، وَاجْعَلْ لِي نُورًا

ਹੇ ਰੱਬ ! ਮੇਰੇ ਦਿਲ੍ਹ ਵਿੱਚ ਨੂਰ ਰੱਖਦੇ, ਮੇਰੀ ਸ਼ਰੀਰੀ ਅਤੇ ਰੂਹਾਨੀ ਅੱਖਾਂ ਵਿੱਚ ਨੂਰ ਰੱਖਦੇ, ਮੇਰੇ ਕੰਨਾਂ ਵਿੱਚ ਨੂਰ ਰੱਖਦੇ, ਮੇਰੇ ਸੱਜੇ ਵੀ ਨੂਰ ਰੱਖਦੇ, ਮੇਰੇ ਖੱਬੇ ਵੀ ਨੂਰ ਰੱਖਦੇ, ਮੇਰੇ ਉੱਤੇ ਵੀ ਨੂਰ ਹੋਵੇ ਅਤੇ ਮੇਰੇ ਹੇਠਾਂ ਵੀ ਨੂਰ ਹੋਵੇ ਅਤੇ ਮੇਰੇ ਅੱਗੇ ਵੀ ਨੂਰ ਰੱਖਦੇ ਅਤੇ ਮੇਰੇ ਪਿੱਛੇ ਵੀ ਨੂਰ ਰੱਖਦੇ ਅਤੇ ਮੇਰੇ ਲਈ ਨੂਰ ਹੀ ਨੂਰ ਕਰਦੇ

ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਦੀ ਇੱਕ ਦੁਆ ਦਾ ਇੰਝ ਜ਼ਿਕਰ ਮਿਲਦਾ ਹੈ :

اللّٰهُمَّ إِنِّي أَعُوذُ بِكَ مِنْ مُنْكَرَاتِ الْأَخْلَاقِ وَالْأَعْمَالِ وَالْأَهْوَاءِ (ਤਿਰਮਿਜ਼ੀ)

ਹੇ ਮੇਰੇ ਰੱਬ ! ਮੈਂ ਮੰਦੇ ਆਚਰਣ ਅਤੇ ਗੰਦੇ ਕਰਮਾਂ ਤੋਂ ਅਤੇ ਬੁਰੀ ਇੱਛਾਵਾਂ ਤੋਂ ਤੇਰੀ ਪਨਾਹ ਚਾਹੁੰਣਾ।

ਇਹ ਬਹੁਤ ਸੰਖੇਪ ਜਿਹੀ ਦੁਆ ਹੈ। ਜੇਕਰ ਇਹ ਮਨੁੱਖ ਦਰਦ ਨਾਲ ਕਰੇ ਤਾਂ ਬਹੁਤ ਸਾਰੀਆਂ ਬੁਰਾਈਆਂ ਵੀ ਦੂਰ ਹੋ ਜਾਣਗੀਆਂ ਅਤੇ ਨੇਕੀਆਂ ਪੈਦਾ ਹੋ ਜਾਣਗੀਆਂ।

ਫ਼ਿਰ ਦੁਸ਼ਮਨ ਦੇ ਬੁਰੇ ਇਰਾਦੇ ਦੇ ਖ਼ਿਲਾਫ਼ ਦੁਆ ਹੈ :

اَللّٰهُمَّ إِنَّا نَجْعَلُكَ فِيْ نُحُوْرِهِمْ، وَنَعُوْذُبِكَ مِنْ شُرُوْرِهِمْ (ਅਬੂ ਦਾਊਦ)

ਹੇ ਰੱਬ ! ਅਸੀਂ ਤੈਨੂੰ ਉਹਨਾਂ ਦੇ ਮੁਕਾਬਲੇ ਉੱਤੇ ਰੱਖਦੇ ਹਾਂ ਅਤੇ ਉਹਨਾਂ ਦੇ ਨੁਕਸਾਨ ਤੋਂ ਤੇਰੀ ਪਨਾਹ ਵਿੱਚ ਆਉਂਦੇ ਹਾਂ। ਇਹ ਦੁਆ ਅੱਜ ਕੱਲ੍ਹ ਅਹਮਦੀਆਂ ਨੂੰ ਬਹੁਤ ਪੜ੍ਹਣੀ ਚਾਹੀਦੀ ਹੈ। ਦੁਸ਼ਮਨਾਂ ਵੱਲੋਂ ਹੋਣ ਵਾਲੇ ਨੁਕਸਾਨ ਤੋਂ ਰੱਬ ਸਾਨੂੰ ਬਚਾਏ।

ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕੁੱਝ ਦੁਆਵਾਂ ਬਿਆਨ ਕਰਦੇ ਹੋਏ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਮੌਲਵੀ ਨਜ਼ੀਰ ਹੁਸੈਨ ਸਾਹਿਬ ਸਖ਼ਾ ਦਹਲਵੀ ਦੇ ਪੱਤਰ ਦੇ ਉੱਤਰ ਵਿੱਚ ਉਹਨਾਂ ਨੂੰ ਨੇੜ੍ਹਤਾ ਪ੍ਰਾਪਤ ਕਰਨ ਦਾ ਤਰੀਕ ਬਿਆਨ ਕਰਦੇ ਹੋਏ ਲਿੱਖਿਆ :

'ਅੱਸਲਾਮੋ ਅਲੈਕੁਮ ਵ ਰਹਿਮਾਤੁੱਲਾਹ ਵ ਬਰਕਾਤੁਹੁ...ਤਰੀਕ ਤਾਂ ਇਹੋ ਹੈ ਕਿ ਨਮਾਜ਼ ਵਿੱਚ ਆਪਣੇ ਲਈ ਦੁਆ ਕਰਦੇ ਰਹੋ ਅਤੇ ਸਰਸਰੀ ਨਮਾਜ਼ ਨਾਲ ਖ਼ੁਸ਼ ਨ ਹੋ। ਸਗੋਂ ਜਿੱਥੇ ਤੱਕ ਹੋ ਸਕੇ ਧਿਆਨ ਨਾਲ ਨਮਾਜ਼ ਅਦਾ ਕਰੋ। ਧਿਆਨ ਪੈਦਾ ਨ ਹੋਵੇ ਤਾਂ ਪੰਜ ਵਕਤ ਹਰ ਇੱਕ ਨਮਾਜ਼ ਵਿੱਚ ਰੱਬ ਦੇ ਹਜ਼ੂਰ ਹਰ ਰਕਅਤ ਦੇ ਬਾਦ ਖੜ੍ਹੇ ਹੋ ਕੇ ਇਹ ਦੁਆ ਕਰੋ ਕਿ ਹੇ ਕੁਦਰਤ ਰੱਖਣ ਵਾਲੇ ਅਤੇ ਜਲਾਲ ਵਾਲੇ ਰੱਬ ! ਮੈਂ ਪਾਪੀ ਹਾਂ ਅਤੇ ਇਸ ਕਦਰ ਪਾਪ ਦੇ ਜ਼ਹਿਰ ਨੇ ਮੇਰੇ ਦਿਲ੍ਹ ਅਤੇ ਸ਼ਰੀਰ ਨੂੰ ਪ੍ਰਭਾਵਿਤ ਕੀਤਾ ਹੈ ਕਿ ਮੈਨੂੰ ਰਿਕਤ ਅਤੇ ਨਮਾਜ਼ ਵਿੱਚ ਧਿਆਨ ਨਹੀਂ ਲੱਗਦਾ ਤੂੰ ਆਪਣੇ ਮਿਹਰ ਤੇ ਕਿਰਪਾ ਨਾਲ ਮੇਰੇ ਪਾਪ ਬਖ਼ਸ਼ ਅਤੇ ਮੇਰੀਆਂ ਗ਼ਲਤੀਆਂ ਮੁਆਫ਼ ਕਰ ਅਤੇ ਮੇਰੇ ਦਿਲ੍ਹ ਨੂੰ ਨਰਮ ਕਰ ਅਤੇ ਮੇਰੇ ਦਿਲ੍ਹ ਵਿੱਚ ਆਪਣੀ ਵੱਡਿਆਈ, ਆਪਣਾ ਖ਼ੌਫ਼ ਅਤੇ ਆਪਣਾ ਪਿਆਰ ਭਰ ਦੇ ਤਾਂ ਕਿ ਇਸ ਰਾਹੀਂ ਮੇਰੀ ਕਠੋਰਤਾ ਦੂਰ ਹੋ ਕੇ ਨਮਾਜ਼ ਵਿੱਚ ਧਿਆਨ ਲੱਗੇ।'

ਦੁਆ ਦੇ ਕਬੂਲ ਹੋਣ ਲਈ ਇਹ ਵੀ ਬਹੁਤ ਜ਼ਰੂਰੀ ਹੈ ਕਿ ਅਸੀਂ ਵੱਧ ਤੋਂ ਵੱਧ ਦਰੂਦ ਸ਼ਰੀਫ਼ ਪੜ੍ਹਣ।

ਰੱਬ ਸਾਨੂੰ ਇਸ ਦੀ ਤੌਫ਼ੀਕ ਵੀ ਬਖ਼ਸ਼ੇ ਕਿ ਅਸੀਂ ਦਿਲੋਂ ਇਹ ਦੁਆ ਕਰਨ ਵਾਲੇ ਹੋਣ। ਆਪਣੀ ਜ਼ੁਬਾਨ ਵਿੱਚ ਵੀ ਦੁਆਵਾਂ ਕਰੋ ਅਤੇ ਉਹ ਹਕੀਕੀ ਮੁਜ਼ਤਿਰ ਬਣ ਕੇ ਦੁਆਵਾਂ ਕਰੋ, ਜਿੰਨ੍ਹਾਂ ਦੇ ਦਿਲ੍ਹ ਦੇ ਅੰਦਰੋਂ ਇਹ ਦੁਆਵਾਂ ਨਿਕਲ ਰਹੀਆਂ ਹੋਣ। ਰਮਜ਼ਾਨ ਦੀਆਂ ਬਰਕਤਾਂ ਨੂੰ ਸਦਾ ਕਾਯਮ ਰੱਖਣ ਲਈ ਵੀ ਦੁਆ ਕਰੋ।

ਸਾਨੂੰ ਅਤੇ ਸਾਡੀ ਨਸਲਾਂ ਨੂੰ ਜੰਗਾਂ ਦੀ ਅੱਗ ਤੋਂ ਬਚਣ ਅਤੇ ਉਸ ਦੇ ਬਾਦ ਦੇ ਪ੍ਰਭਾਵਾਂ ਤੋਂ ਬਚੇ ਰਹਿਣ ਲਈ ਬਹੁਤ ਦੁਆ ਕਰੋ। ਹੁਣ ਲੱਗਦਾ ਹੈ ਕਿ ਇਹ ਜੰਗ ਸਾਮ੍ਹਣੇ ਖੜ੍ਹੀ ਹੈ। ਸਗੋਂ ਵਿਸ਼ਵ ਯੁੱਧ ਸ਼ੁਰੂ ਹੋ ਗਿਆ ਹੈ। ਪਰ ਸੰਸਾਰ ਦੇ ਹਾਕਮਾਂ ਨੂੰ ਇਸ ਦੀ ਕੋਈ ਚਿੰਤਾ ਨਹੀਂ। ਅਜਿਹੇ ਵਿੱਚ ਅਹਮਦੀਆਂ ਨੂੰ ਆਪਣੇ ਆਪ ਨੂੰ ਰੱਬ ਦੇ ਨੇੜ੍ਹੇ ਕਰਨ ਅਤੇ ਦੁਆਵਾਂ ਵਿੱਚ ਇਜ਼ਤਰਾਰ ਪੈਦਾ ਕਰਨ ਦੀ ਬਹੁਤ ਜ਼ਰੂਰਤ ਹੈ ਤਾਂ ਕਿ ਉਹਨਾਂ ਦੇ ਨੁਕਸਾਨ ਤੋਂ ਬਚ ਸਕਣ। ਰੱਬ ਮਨੁੱਖਤਾ ਨੂੰ ਬਚਾ ਲਏ ਅਤੇ ਸਾਨੂੰ ਦੁਆਵਾਂ ਵਿੱਚ ਵੀ ਆਪਣਾ ਹੱਕ ਕਰਨ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِی الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔